ਦਫਤਰ ਡਿਪਟੀ ਡਾਇਰੈਕਟਰ, ਅਰਬਨ ਲੋਕਲ ਬਾਡੀਜ, ਅੰਮ੍ਰਿਤਸਰ।

ਵੱਲ

ਕਾਰਜ ਸਾਧਕ ਅਫਸਰ,
ਨਗਰ ਪੰਚਾਇਤ, ਰਾਜਾਸਾਸੀ

ਪੱਤਰ ਨੰ: ਡਡਸਸ–2016/ 7431
ਮਿਤੀ: 30. 6. 2016

ਵਿਸ਼ਾ:– ਨਗਰ ਪੰਚਾਇਤ, ਰਾਜਾਸਾਸੀ ਦਾ ਬਜੱਟ ਸਾਲ 2016–17 ਸਬੰਧੀ ।
ਉਪਰੋਕਤ ਵਿਸ਼ੇ ਤੇ ਆਪ ਦੇ ਪੱਤਰ ਨੰ:________ਮਿਤੀ ______ਦੇ ਹਵਾਲੇ ਵਿੱਚ।

ਪੰਜਾਬ ਮਿਊਂਸਪਲ ਅਕਾਊਂਟ ਕੋਡ 1930 ਦੇ ਰੂਲ 11.8 ਅਧੀਨ ਨਗਰ ਪੰਚਾਇਤ, ਰਾਜਾਸਾਸੀ ਦਾ ਬਜੱਟ ਅਨੁਮਾਨ ਸਾਲ 2016–17 ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:–

(ਰਕਮ ਲੱਖਾਂ ਵਿਚ)

| ਆਮਦਨ | ਵਿਭਾਗ ਦੀ ਪ੍ਰਵਾਨਗੀ |
|---|---|
| ਮਿਤੀ 01–04–2016 ਨੂੰ ਮੁੱਢਲਾ ਬਕਾਇਆ | 15.00 |
| ਸਾਲ 2016–17 ਲਈ ਆਮਦਨ | 382.25 |
| ਕੁੱਲ | 397.25 |
| ਖਰਚਾ | 390.00 |
| ੳ) ਅਮਲਾ ( )<br>(i) ਕੇਵਲ ਮੌਜੂਦਾ ਪੋਸਟਾਂ ਲਈ<br>(ii) ਪੈਨਸ਼ਨ ਕੰਟਰੀਬਿਊਸ਼ਨ<br>(iii) ਰੀਟਾਇਰਮੈਂਟ ਬੈਨੀਫਿਟ (ਗਰੈਚੂਟੀ ਅਤੇ ਲੀਵ ਇੰਨਕੈਸਮੈਂਟ)<br>(iv) ਲੰਬਿਤ ਰਿਟਾਇਰਮੈਂਟ ਡਿਊਜ਼ ਦੀ ਅਦਾਇਗੀ | 142.00 |
| ਅ) ਕੰਟੀਜੈਂਸੀ | 17.00 |
| ੲ) ਵਿਕਾਸ ਦੇ ਕੰਮਾਂ ਲਈ ( )<br>(i) ਕਮਿਟਿੱਡ<br>(ii) ਨਾਨ–ਕਮਿਟਿੱਡ | 114.00<br>117.00 |
| ਕੁੱਲ ਖਰਚਾ (ੳ + ਅ + ੲ) | 390.00 |
| ਮਿਤੀ 31–03–2017 ਲਈ ਅੰਤਿਮ ਬਕਾਇਆ | 7.25 |
| ਕੁੱਲ | 3.97.25 |

ਉਕਤ ਦਰਸਾਈ ਆਮਦਨ ਅਤੇ ਖਰਚੇ ਦਾ ਵੇਰਵਾ ਹੇਠਾਂ ਅਨੁਸਾਰ ਹੈ:–

**ਆਮਦਨ:** ਇਸ ਮੱਦ ਅਧੀਨ ਸਾਲ 2016–17 ਲਈ ਹੇਠ ਦਰਸਾਏ ਹੈਡਾਂ ਦੀ ਕੁੱਲ ਆਮਦਨ ਰੁਪਏ ______ ਲੱਖ ਪ੍ਰਵਾਨ ਕੀਤੀ ਜਾਂਦੀ ਹੈ:–

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1. | ਵੈਟ/ਪੀ.ਐਮ.ਐਫ. | 300.00 |
| 2. | ਚੂੰਗੀ ਬਿਜਲੀ ਤੋਂ | 10.00 |
| 3. | ਪ੍ਰਾਪਰਟੀ ਟੈਕਸ/ਹਾਊਸ ਟੈਕਸ ਬਕਾਇਆਜਾਤ | 13.00 |
| 4. | ਵਾਟਰ ਅਤੇ ਸੀਵਰੇਜ ਰੇਟ | 0 |
| 5. | ਰੈਂਟ/ਤਹਿਬਜ਼ਾਰੀ/ਵਾਹੀਯੋਗ ਜਮੀਨਾ ਦਾ ਕਿਰਾਇਆ | 11.00 |
| 6. | ਬਿਲਡਿੰਗ ਫ਼ੀਸਾਂ ਆਦਿ | 17.00 |

| | | |
|---|---|---|
| 7. | ਬੱਸ ਅੱਡਾ ਫੀਸ | 0 |
| 8. | ਲਾਇੰਸਸ | 0 |
| 9. | ਐਡਵਰਟਾਈਜਮੈਂਟ | 2.00 |
| 10. | ਮਨੋਰੰਜਨ ਟੈਕਸ | 0 |
| 11 | ਪ੍ਰੋਪਰਟੀ ਦੀ ਸੇਲ | 0 |
| 12 | ਹੋਰ ਸਾਧਨਾਂ ਤੋਂ ਆਮਦਨ | 22.75 |
| 13 | ਅਡੀਸ਼ਨਲ ਐਕਸਾਈਜ਼ ਡਿਊਟੀ | 6.50 |
| | **ਜੋੜ** | 382.25 |

**ਖਰਚਾ:**

**ਅਮਲਾ:** ਇਸ ਮੱਦ ਅਧੀਨ ਸਾਲ 2016–17 ਲਈ ਨਗਰ ਪੰਚਾਇਤ ਦਾ 142.00 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਜਾਂਦਾ ਹੈ, ਜਿਸ ਵਿਚੋਂ ਮੌਜੂਦਾ ਪੋਸਟਾਂ ਲਈ ਖਰਚਾ 96.24ਲੱਖ ਰੁਪਏ, ਪੈਨਸ਼ਨ ਕੰਟ੍ਰਿਬੀਊਸ਼ਨ 45.76 ਲੱਖ ਰੁਪਏ, ਰਿਟਾਇਰਲ ਡਿਊਜ਼ _____ ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ । ਜੋ ਕਿ ਕੁੱਲ ਆਮਦਨ ਦਾ 37.14 ਪ੍ਰਤੀਸ਼ਤ ਹੈ। ਨਗਰ ਕੌਂਸਲ ਦੀਆਂ ਖਾਲੀ ਆਸਾਮੀਆਂ ਦਾ ਖਰਚਾ ਅਮਲਾ ਮੱਦ ਵਿਚ ਨਹੀਂ ਦਿੱਤਾ ਗਿਆ । ਕਿਸੇ ਵੀ ਆਸਾਮੀ ਦਾ ਕੇਡਰ ਤਬਦੀਲ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ ਹੈ ਅਤੇ ਨਾ ਹੀ ਕਿਸੇ ਨਵੀਂ ਆਸਾਮੀ ਦੀ ਰਚਨਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ ।

**ਕੰਟੀਜੈਂਸੀ:** ਇਸ ਮੱਦ ਅਧੀਨ ਸਾਲ 2016–17 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁੱਲ ਖਰਚਾ ਰੁਪਏ 17.00 ਲੱਖ ਪ੍ਰਵਾਨ ਕੀਤਾ ਜਾਂਦਾ ਹੈ :

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1. | ਸਟੇਸ਼ਨਰੀ | 1.00 |
| 2. | ਬਿਜਲੀ ਬਿੱਲ | 4.00 |
| 3. | ਪੈਟਰੋਲ/ਡੀਜ਼ਲ ਅਤੇ ਵਹੀਕਲ | 6.00 |
| 4. | ਓ ਐਡ ਐਮ | 1.00 |
| 5. | ਟੈਲੀਫੂਨ ਬਿੱਲ | 1.00 |
| 6. | ਕੰਪਿਊਟਰ ਲਈ | 2.00 |
| 7. | ਅਦਰਜ | 2.00 |
| 8 | ਪ੍ਰੋਪਰਟੀ ਦੀ ਸੇਲ | 0 |
| | **ਜੋੜ** | 17.00 |

**ਵਿਕਾਸ:** ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁੱਲ ਖਰਚਾ ਰੁਪਏ 231.00 ਲੱਖ ਪ੍ਰਵਾਨ ਕੀਤਾ ਜਾਂਦਾ ਹੈ:

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| | **ਨਾਨ ਕਮਿਟਿਡ ਖਰਚਾ** | |
| 1. | ਨਿਊ ਰੋਡਜ਼ | 5.00 |
| 2. | ਰਿਪੇਅਰ ਆਫ਼ ਰੋਡਜ਼ | 5.00 |
| 3. | ਨਵੀਆਂ ਗਲੀਆਂ/ਨਾਲੀਆਂ | 35.00 |
| 4. | ਪੁਰਾਣੀਆਂ ਗਲੀਆਂ/ਨਾਲੀਆਂ ਦੀ ਰਿਪੇਅਰ | 20.00 |
| 5. | ਨਵੀਂ ਵਾਟਰ ਸਪਲਾਈ | 0 |
| 6. | ਨਵਾਂ ਸੀਵਰੇਜ਼ | 0 |
| 7. | ਸਲੱਮ | 10.00 |
| 8. | ਸਟਰੀਟ ਲਾਈਟ ਦੀ ਦੇਖਭਾਲ | 10.00 |
| 9. | ਮਸ਼ੀਨਰੀ ਦੀ ਖਰੀਦ | 0 |
| 10. | ਸੀ ਡਬਲਯੂ ਪੀ | 0.50 |

| | | |
|---|---|---|
| 11 | ਪਲਾਟੇਸ਼ਨ | 4.00 |
| 12 | ਸਟਰੇਲਾਈਜੇਸ਼ਨ ਆਫ ਡਾਗਜ਼ | 2.50 |
| 13 | ਦਫਤਰ ਦੀ ਉਸਾਰੀ ਤੇ ਖਰਚਾ | 5.00 |
| 14 | ਫੁੱਟਕਲ ਕੰਮਾ ਲਈ | 17.00 |
| | **ਜੋੜ (ੳ)** | 114.00 |
| | **ਕਮਿਟਿਡ ਖਰਚਾ** | |
| 1. | ਬਿਜ਼ਲੀ ਬਿੱਲ (ਸਟਰੀਟ ਲਾਈਟ) | 13.73 |
| 2. | ਬਿਜ਼ਲੀ ਬਿੱਲ (ਟਿਊਬਵੈਲ, ਡਿਸਪੋਜ਼ਲ ਆਦਿ) | 0 |
| 3. | ਵਾਟਰ ਸਪਲ਼ਾਈ ਅਤੇ ਸੀਵਰੇਜ਼ ਦੀ ਦੇਖਭਾਲ | 54.50 |
| 4 | ਸੀ.ਵੀ.ਓ. ਸੈਲ ਚਾਰਜਜ | 4.00 |
| 5 | ਸੈਨੀਟੇਸ਼ਨ ਆਨ ਕੰਟਰੇਕਟ | 32.00 |
| 6 | ਕਰਜੇ ਦੀ ਅਦਾਇਗੀ | 0 |
| 7 | ਸੋਲਿਡ ਵੇਸਟ ਮੇਨਜਮੈਂਟ | 7.50 |
| 8 | ਫੁੱਟਕਲ ਕੰਮਾ ਲਈ | 5.27 |
| | ਜੋੜ (ਅ) | 117.00 |
| | ਕੁੱਲ ਜੋੜ (ੳ) + (ਅ) | 231.00 |

ਮਿਤੀ 31–03–2017 ਲਈ ਅੰਤਿਮ ਬਕਾਇਆ ਰੁਪਏ 5.00 ਲੱਖ ਹੈ ।

ਕਾਰਜ ਸਾਧਕ ਅਫ਼ਸਰ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2016–17 ਲਈ ਨਿਸ਼ਚਿਤ ਕੀਤੀ ਗਈ ਆਮਦਨ ਦੇ ਟੀਚੇ ਨੂੰ ਹਰ ਹਾਲਤ ਵਿਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਅਸਲ ਆਮਦਨ ਦੇ ਸਨੰਮੁੱਖ ਹੀ ਖਰਚ ਕੀਤਾ ਜਾਵੇ ਅਤੇ ਸਾਲ ਦੇ ਅੰਤ ਤੇ ਤਜਵੀਜ਼ਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ ।

<u>ਸ਼ਰਤਾਂ:</u>

1) ਸਾਲ 2016–17 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਨਗਰ ਕੌਂਸਲ ਦੇ ਪ੍ਰਧਾਨ ਅਤੇ ਕਾਰਜ ਸਾਧਕ ਅਫ਼ਸਰ ਦੀ ਸਾਂਝੀ ਜ਼ੁੰਮੇਵਾਰੀ ਹੋਵੇਗੀ ।

2) ਨਗਰ ਕੌਂਸਲ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ–ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ ।

3) ਅਮਲੇ ਦੇ ਖਰਚੇ ਦੀ ਮੱਦ ਅਧੀਨ ___% ਖਰਚਾ ਨਗਰ ਕੌਂਸਲ ਦੇ ਬਜ਼ਟ ਵਿਚ ਦਿਖਾਇਆ ਗਿਆ ਹੈ । ਇਸ ਨੂੰ ਘੱਟ ਕਰਨ ਲਈ ਸਰਪਲਸ ਸਟਾਫ਼ ਦੀਆਂ ਲਿਸਟਾਂ ਬਣਾਕੇ ਸਦਰ ਦਫ਼ਤਰ ਨੂੰ ਭੇਜੀਆਂ ਜਾਣ ਅਤੇ ਦਫ਼ਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ।

4) ਕਿਸੇਂ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਉਂ ਪ੍ਰਵਾਨਗੀ ਆਉਣ ਦੀ ਆਸ ਵਿਚ ਕੀਤਾ ਜਾਵੇ ।

5) ਕੋਈ ਨਵੀਂ ਅਸਾਮੀ/ਖਾਲ਼ੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਨਾ ਭਰੀ ਜਾਵੇ ।

6) ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕੇਡਰ ਵੀ ਤਬਦੀਲ ਨਾ ਕੀਤਾ ਜਾਵੇ ।

7) ਕੋਈ ਵੀ ਵਹੀਕਲ ਇਸ ਦਫ਼ਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ ।

8) ਡੇਲੀਵੇਜ਼ਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫ਼ਤਰ ਦੀ ਵਿਸ਼ੇਸ਼ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ।

9) ਕੰਟਰੈਕਟਰ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ਼ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ ।

10) ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਕੌਂਸਲ ਦੀ ਕੁੱਲ ਆਮਦਨ ਦਾ 1% ਦੀ ਰਾਸ਼ੀ ਦਾ ਉਪਬੰਧ ਕੀਤਾ ਜਾਂਦਾ ਹੈ ।

11) **ਵਿਕਾਸ:** ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ । ਹਰ ਹਾਲਤ ਵਿਚ ਜੋ ਪੈਸੇ ਸਰਕਾਰ ਵਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾਂ ਅਤੇ ਮਿਥੇ ਤਖਮੀਨੇ ਵਿਚ ਮੁਕੰਮਲ ਕੀਤਾ ਜਾਵੇ । ਗ੍ਰਾਂਟ ਦਾ ਖਰਚਾ ਸਕੀਮ ਵਿਚ ਦਰਜ਼ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫ਼ਤਰ ਵਿਖੇ ਸਬੰਧਿਤ ਸ਼ਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ । ਨਗਰ ਕੌਂਸਲ ਵਲੋਂ ਹਰ ਸਾਲ ਆਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ । ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿਚ ਕੀਤਾ ਜਾਵੇ ।

12) ਵਿਕਾਸ ਦੀ ਮੱਦ ਅਧੀਨ ਕਮਿਟਿਡ ਖਰਚੇ ਵਜੋਂ ਪ੍ਰਵਾਨ ਬਿਜ਼ਲੀ ਦੇ ਬਿਲਾਂ ਦੀ ਅਦਾਇਗੀ ਸਮੇਂ ਸਿਰ ਕਰਨੀ ਯਕੀਨੀ ਬਣਾਈ ਜਾਵੇ ਅਤੇ ਜੁਰਮਾਨੇ ਤੋਂ ਬਚਿਆ ਜਾਵੇ । ਅਣਗਹਿਲੀ ਦੀ ਸੂਰਤ ਵਿਚ ਜੁਰਮਾਨੇ ਲਈ ਜਿੰਮੇਵਾਰ ਅਧਿਕਾਰੀ ਦੀ ਜਿੰਮੇਵਾਰੀ ਫਿਕਸ ਕੀਤਾ ਜਾਵੇ ।

13) ਫਾਇਰਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋ ਜਾ ਕਿਸੇ ਬਾਹਰੀ ਸੰਸਥਾ ਤੋ ਲਏ ਜਾਣ।

14) ਸਾਲ 2016-17 ਦੋਰਾਨ ਵਿਕਾਸ ਦੇ ਕੰਮਾ ਦੀ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣਾ ਯਕੀਨੀ ਬਣਾਇਆ ਜਾਵੇ।

15) ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ਼, ਜੀ.ਪੀ.ਫੰਡ ਦੀ ਅਦਾਇਗੀ, ਪੈਨਸ਼ਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ. ਦੇ ਕਰਜਿਆਂ ਦੀ ਅਦਾਇਗੀ, ਪੰਜਵੇ ਪੇ ਕਮਿਸ਼ਨ ਦੇ ਬਕਾਏ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ ।

16) ਕਰਮਚਾਰੀਆਂ ਨੂੰ ਕਰਜ਼ੇ ਦੇਣ ਦੇ ਸਬੰਧ ਵਿਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ ।

17) ਸ਼ਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾ ਦੇਣ ਸਬੰਧੀ ਉਪਰਾਲੇ ਕੀਤੇ ਜਾਣ

18) ਸਾਲ 2016-17 ਦੇ ਪ੍ਰਵਾਨ ਕੀਤੇ ਬਜ਼ਟ/ਆਮਦਨ ਦਾ 1% ਨਗਰ ਕੌਂਸਲ ਦੇ ਵਿਕਾਸ ਦੇ ਫੰਡ ਵਿਚੋਂ ਸ਼ਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।

19) ਸਥਾਨਕ ਸੰਸਥਾ ਦੇ ਦਫ਼ਤਰ ਵਿਚ ਕੰਪਿਊਟਰਾਈਜੇਸ਼ਨ ਕਰਨ ਲਈ ਬਜ਼ਟ ਦੇ ਫੰਡਾਂ ਵਿਚੋਂ ਆਪ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬ੍ਰਾਂਚਾ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸ਼ਨ ਹਰ ਹਾਲਤ ਵਿਚ ਕੀਤੀ ਜਾਵੇ ।

20) ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿਚ ਆਡਿਟ ਵਲੋਂ ਜੋ ਇਤਰਾਜ਼ ਲਗਾਏ ਜਾਂਦੇ ਹਨ ਉਨ੍ਹਾਂ ਦਾ ਉਤਰ ਆਡਿਟ ਨੋਟ ਵਿਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਡਿਪਟੀ ਡਾਇਰੈਕਟਰ,
ਅਰਬਨ ~~ਲੋਕਲ~~ ਬਾਡੀਜ, ਅੰਮ੍ਰਿਤਸਰ।

ਠ ਅੰਕਣ ਨੰ:ਡਡਸਸ-2016/ ਮਿਤੀ:

ਇਸਦਾ ਇਕ ਉਤਾਰਾ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ, ਚੰਡੀਗੜ ਜੀ ਨੂੰ ਨਾ ਹਿੱਤ ਭੇਜਿਆ ਜਾਦਾ ਹੈ ਜੀ।

ਡਿਪਟੀ ਡਾਇਰੈਕਟਰ,
ਅਰਬਨ ਲੋਕਲ ਬਾਡੀਜ, ਅੰਮ੍ਰਿਤਸਰ।